Punjab Government Gazette

Published by Authority

No. 16] CHANDIGARH, FRIDAY, APRIL 17, 2026 (CHAITRA 27, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਦਫ਼ਤਰ: ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-ਸੁਪਰਡੈਂਟ, ਹੈਡਕੁਆਟਰ ਜੇਲ੍ਹ ਪਟਿਆਲਾ।

ਮਿਤੀ 31 ਮਈ, 2024

ਹੁਕਮ ਨੰ: 176:-ਸ਼੍ਰੀ ਗੁਰਵਿੰਦਰ ਸ਼ਰਮਾਂ, ਵਾਰਡਰ ਪੇਟੀ ਨੰ: 733, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਮਿਤੀ 23-12-2021 ਤੋਂ ਲਗਾਤਾਰ ਬਿਨਾਂ ਕਿਸੇ ਉੱਚ ਅਧਿਕਾਰੀ ਦੀ ਆਗਿਆ ਤੋਂ ਬਿਨਾਂ ਸਮਰੱਥ ਅਥਾਰਟੀ ਪਾਸੋਂ ਛੁੱਟੀ ਮੰਨਜੂਰ ਕਰਵਾਏ ਆਪਣੀ ਮਨਮਰਜੀ ਨਾਲ ਡਿਊਟੀ ਤੋਂ ਗੈਰ ਹਾਜ਼ਰ ਚੱਲ ਰਿਹਾ ਹੈ। ਕਰਮਚਾਰੀ ਵੱਲੋਂ ਬਿਨਾਂ ਕਿਸੇ ਉੱਚ ਅਧਿਕਾਰੀ ਦੀ ਆਗਿਆ ਤੋਂ ਅਤੇ ਬਿਨਾਂ ਸਮਰੱਥ ਅਥਾਰਟੀ ਤੋਂ ਛੁੱਟੀ ਮੰਨਜੂਰ ਕਰਵਾਏ ਡਿਊਟੀ ਤੋਂ ਗੈਰ ਹਾਜਰ ਰਹਿਣ ਸਬੰਧੀ ਮੁੱਢਲੀ ਇੰਨਕੁਆਰੀ ਸੁਪਰਡੈਂਟ,ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵੱਲੋਂ ਸ਼੍ਰੀ ਹਰਬੰਸ ਸਿੰਘ ਸਹਾਇਕ ਸੁਪਰਡੈਂਟ (ਆਨ ਪੇ ਸਕੇਲ) ਪਾਸੋਂ ਕਰਵਾਈ ਗਈ, ਜਿਸ ਦੀ ਰਿਪੋਰਟ ਅਨੁਸਾਰ ਕਰਮਚਾਰੀ ਮਿਤੀ 23-12-2021 ਤੋਂ ਲਗਾਤਾਰ ਡਿਊਟੀ ਤੋਂ ਗੈਰ ਹਾਜ਼ਰ ਚੱਲ ਰਿਹਾ ਸੀ ਅਤੇ ਬਿਨਾਂ ਕਿਸੇ ਉੱਚ ਅਧਿਕਾਰੀ ਦੀ ਆਗਿਆ ਦੇ, ਬਿਨਾਂ ਕਿਸੇ ਉੱਚ ਅਧਿਕਾਰੀ ਦੇ ਧਿਆਨ ਵਿੱਚ ਲਿਆਂਦੇ ਅਤੇ ਬਿਨਾਂ ਐਕਸ ਇੰਡੀਆਂ ਲੀਵ ਮੰਨਜੂਰ ਕਰਵਾਏ ਆਸਟ੍ਰੇਲੀਆਂ (ਵਿਦੇਸ਼) ਚਲਾ ਗਿਆ। ਸੁਪਰਡੈਂਟ,ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵੱਲੋਂ ਆਪਣੇ ਦਫ਼ਤਰ ਦੇ ਪੱਤਰ ਨੰ:2568 ਮਿਤੀ 14-01-2022,ਪੱਤਰ ਨੰ:2811-15 ਮਿਤੀ 17-02-2024, ਪੱਤਰ ਨੰ:2874-78 ਮਿਤੀ 02-03-2022,ਪੱਤਰ ਨੰ:3116-20 ਮਿਤੀ 30-03-2022, ਪੱਤਰ ਨੰ:271-75 ਮਿਤੀ 05-05-2022 ਰਾਹੀਂ ਐਸ.ਐਚ.ਓ.ਥਾਣਾ ਕੋਤਵਾਲੀ ਨਾਭਾ ਨੂੰ ਕਰਮਚਾਰੀ ਦੇ ਡਿਊਟੀ ਤੋਂ ਗੈਰ ਹਾਜ਼ਰੀ ਸਮੇਂ ਦੌਰਾਨ ਦੀਆਂ ਗਤੀਵਿਧੀਆਂ ਦੀ ਮੁਕੰਮਲ ਰਿਪੋਰਟ ਭੇਜਣ ਲਈ ਲਿਖਿਆ ਗਿਆ, ਜਿਸ ਦਾ ਇੱਕ ਉਤਾਰਾ ਸੀਨੀਅਰ ਕਪਤਾਨ ਪੁਲਿਸ, ਪਟਿਆਲਾ ਨੂੰ ਵੀ ਕੀਤਾ ਗਿਆ। ਸੀਨੀਅਰ ਕਪਤਾਨ ਪੁਲਿਸ,ਪਟਿਆਲਾ ਵੱਲੋਂ ਆਪਣੇ ਦਫ਼ਤਰ ਦੇ ਪੱਤਰ ਨੰ:24646/ਸੀ-3 ਮਿਤੀ 20-05-2022 ਰਾਹੀਂ ਸੁਪਰਡੈਂਟ,ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਨੂੰ ਕਰਮਚਾਰੀ ਸ਼੍ਰੀ ਗੁਰਵਿੰਦਰ ਸ਼ਰਮਾ,ਵਾਰਡਰ ਪੇਟੀ ਨੰ:733 ਦੀ ਗੈਰਹਾਜ਼ਰੀ ਸਮੇਂ ਦੌਰਾਨ ਗਤੀਵਿਧੀਆ ਦੀ ਰਿਪੋਰਟ ਭੇਜੀ ਗਈ,ਜਿਸ ਅਨੁਸਾਰ ਲਿਖਿਆ ਗਿਆ ਕਿ "ਦੌਰਾਨੇ ਪੜਤਾਲ ਗੁਰਵਿੰਦਰ ਸ਼ਰਮਾ ਵਾਰਡਰ ਪੇਟੀ ਨੰ:733 ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਦੇ ਭਰਾ ਸੁਖਵਿੰਦਰ ਸ਼ਰਮਾ ਪੁੱਤਰ ਸੋਮ ਨਾਥ ਵਾਸੀ ਹੀਰਾ ਮਹਿਲ ਮਕਾਨ ਨੰਬਰ 292 ਨੇੜੇ ਵਾਇਟ ਹਾਊਸ ਨਾਭਾ ਜਿਲ੍ਹਾ ਪਟਿਆਲਾ ਮਲਾਕੀ ਹੋਇਆ,ਜਿਸ ਨੇ ਬਿਆਨ ਵਿੱਚ ਤਹਿਰੀਰ ਕੀਤਾ ਕਿ ਉਹ ਹੋਰਲਿਕਸ ਫੈਕਟਰੀ ਨਾਭਾ ਵਿੱਚ ਕੰਮ ਕਰਦਾ ਹੈ। ਉਸ ਦਾ ਭਰਾ ਗੁਰਵਿੰਦਰ ਸ਼ਰਮਾ ਪੇਟੀ ਨੰ:733, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵਿਖੇ ਡਿਊਟੀ ਕਰਦਾ ਸੀ, ਜੋ ਕਿ ਅਚਾਨਕ ਬੀਮਾਰ ਹੋ ਗਿਆ ਸੀ। ਜਿਸਦਾ ਅਸੀਂ ਕਾਫ਼ੀ ਇਲਾਜ ਕਰਵਾਇਆ ਪਰ ਠੀਕ ਨਹੀਂ ਹੋਇਆ ਹੁਣ ਗੁਰਵਿੰਦਰ ਸ਼ਰਮਾ ਉਕਤ ਆਪਣਾ ਇਲਾਜ ਕਰਵਾਉਣ ਲਈ ਆਸਟਰੇਲੀਆ ਚਲਾ ਗਿਆ ਹੈ,ਜੋ ਕਿ ਆਪਣਾ ਇਲਾਜ ਕਰਵਾ ਕੇ ਵਾਪਸ ਆ ਜਾਵੇਗਾ। ਜੋ ਪਰਿਵਾਰਿਕ ਮੈਂਬਰਾਂ ਦੇ ਬਿਆਨ ਅਤੇ ਪੜਤਾਲ ਅਨੁਸਾਰ ਵਾਰਡਰ ਗੁਰਵਿੰਦਰ ਸ਼ਰਮਾ ਪੁੱਤਰ ਸੋਮਨਾਥ ਸ਼ਰਮਾ ਪੇਟੀ ਨੰ:733, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਬਾਹਰਲੇ ਦੇਸ਼ ਆਸਟਰੇਲੀਆ ਚਲਾ ਗਿਆ ਹੈ ਜੀ। "ਸੁਪਰਡੈਂਟ, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵੱਲੋਂ

ਪੱਤਰ ਨੰ:740 ਮਿਤੀ 26-05-2022 ਨੂੰ ਉਕਤ ਰਿਪੋਰਟ ਇਸ ਦਫ਼ਤਰ ਨੂੰ ਭੇਜਦੇ ਹੋਏ ਕਰਮਚਾਰੀ ਵਿਰੁੱਧ ਰੂਲਾਂ ਅਨੁਸਾਰ ਅਗਲੀ ਪ੍ਰਸ਼ਾਸ਼ਨਿਕ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਗਈ। ਜਿਸ ਤੇ ਇਸ ਦਫ਼ਤਰ ਵੱਲੋਂ ਕਾਰਵਾਈ ਕਰਦੇ ਹੋਏ ਪੱਤਰ ਨੰ:1211 ਮਿਤੀ 02-06-2022 ਰਾਹੀਂ ਸੁਪਰਡੈਂਟ,ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਨੂੰ ਵਾਰਡਰ ਗੁਰਵਿੰਦਰ ਸ਼ਰਮਾ ਦੇ ਮਿਤੀ 23-12-2021 ਤੋਂ ਬਿਨਾਂ ਕਿਸੇ ਉੱਚ ਅਧਿਕਾਰੀ ਦੀ ਆਗਿਆ ਦੇ ਡਿਊਟੀ ਤੋਂ ਗੈਰਹਾਜ਼ਰ ਰਹਿਣ ਅਤੇ ਬਿਨਾਂ ਸੂਚਿਤ ਕੀਤੇ ਆਸਟ੍ਰੇਲੀਆਂ ਜਾਣ ਸਬੰਧੀ ਮੁੱਢਲੀ ਪੜਤਾਲ ਕਰਨ ਉਪਰੰਤ ਰਿਪੋਰਟ ਅਤੇ ਕਰਮਚਾਰੀ ਦੇ ਡਿਊਟੀ ਤੋਂ ਗੈਰਹਾਜ਼ਰ ਰਹਿਣ ਸਬੰਧੀ ਦਸਤਾਵੇਜ਼ ਇੱਕ ਹਫ਼ਤੇ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਭੇਜਣ ਲਈ ਲਿਖਿਆ ਗਿਆ।

2. ਸੁਪਰਡੈਂਟ,ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵੱਲੋਂ ਪੱਤਰ ਨੰ:284 ਮਿਤੀ 20-07-2022 ਰਾਹੀਂ ਕਰਮਚਾਰੀ ਦੇ ਪ੍ਰਸ਼ਾਸ਼ਨਿਕ ਕੇਸ ਨਾਲ ਸਬੰਧਤ ਰਿਕਾਰਡ ਪ੍ਰਾਪਤ ਹੋਣ ਤੇ ਉਕਤ ਦੋਸ਼ ਤਹਿਤ ਇਸ ਦਫ਼ਤਰ ਦੇ ਪੱਤਰ ਨੰ:4019-20 ਮਿਤੀ 17-08-2022 ਰਾਹੀਂ ਸ਼੍ਰੀ ਗੁਰਵਿੰਦਰ ਸ਼ਰਮਾ ਵਾਰਡਰ ਪੇਟੀ ਨੰ:733 ਨੂੰ ਪੰਜਾਬ ਸਿਵਲ ਸਰਵਿਸਜ਼ (ਸਜਾ ਅਤੇ ਅਪੀਲ) ਰੂਲਜ਼ 1970 ਦੇ ਰੂਲ 08 ਤਹਿਤ ਚਾਰਜਸ਼ੀਟ ਕੀਤਾ ਗਿਆ। ਸੁਪਰਡੈਂਟ, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵੱਲੋਂ ਆਪਣੇ ਦਫ਼ਤਰ ਦੇ ਪੱਤਰ ਨੰ:2755 ਮਿਤੀ 30-12-2022 ਰਾਹੀਂ ਇਸ ਦਫ਼ਤਰ ਨੂੰ ਲਿਖਿਆ ਗਿਆ ਕਿ ਕਰਮਚਾਰੀ ਸ਼੍ਰੀ ਗੁਰਵਿੰਦਰ ਸ਼ਰਮਾ,ਵਾਰਡਰ ਪੇਟੀ ਨੰ:620 ਨੂੰ ਜਾਰੀ ਚਾਰਜਸ਼ੀਟ, ਕਰਮਚਾਰੀ ਦੇ ਘਰ ਭੇਜੀ ਗਈ ਸੀ, ਜੋ ਕਿ ਕਰਮਚਾਰੀ ਦੇ ਵਿਦੇਸ਼ (ਆਸਟ੍ਰੇਲੀਆਂ) ਜਾਣ ਕਰਕੇ, ਕਰਮਚਾਰੀ ਦੇ ਭਰਾ ਸ਼੍ਰੀ ਸੁਖਵਿੰਦਰ ਸ਼ਰਮਾ ਪੁੱਤਰ ਸੋਮਨਾਥ ਸ਼ਰਮਾ ਵੱਲੋਂ ਰਸੀਵ ਕੀਤੀ ਗਈ ਹੈ। ਪ੍ਰੰਤੂ ਕਰਮਚਾਰੀ ਪਾਸੋਂ ਚਾਰਜਸ਼ੀਟ ਦਾ ਜਵਾਬ ਇਸ ਦਫ਼ਤਰ ਵਿਖੇ ਪ੍ਰਾਪਤ ਨਹੀਂ ਹੋਇਆ।

3. ਕਰਮਚਾਰੀ ਸ਼੍ਰੀ ਗੁਰਵਿੰਦਰ ਸ਼ਰਮਾ,ਵਾਰਡਰ ਪੇਟੀ ਨੰ:733 ਦੇ ਵਿਭਾਗੀ ਕੇਸ ਦੇ ਅਸਲ ਤੱਥਾਂ ਦੀ ਸਚਾਈ ਤੱਕ ਪਹੁੰਚਣ ਲਈ ਇਸ ਦਫ਼ਤਰ ਦੇ ਹੁਕਮ ਨੰ:06 ਮਿਤੀ 27-01-2023 ਰਾਹੀਂ ਸ਼੍ਰੀ ਅਨਮੋਲਜੀਤ ਸਿੰਘ,ਡਿਪਟੀ ਸੁਪਰਡੈਂਟ, (ਐਡਮਿਨਿਸਟ੍ਰੇਸ਼ਨ), ਜਿਲ੍ਹਾ ਜੇਲ੍ਹ ਰੂਪਨਗਰ ਨੂੰ ਇੰਨਕੁਆਰੀ ਅਫ਼ਸਰ ਅਤੇ ਸ਼੍ਰੀ ਯਾਦਵਿੰਦਰ ਸਿੰਘ,ਕਲਰਕ, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਨੂੰ ਪੇਸ਼ ਕਰਤਾ ਅਫ਼ਸਰ ਲਗਾਇਆ ਗਿਆ।

4. ਇੰਨਕੁਆਰੀ ਅਫ਼ਸਰ ਸ਼੍ਰੀ ਅਨਮੋਲਜੀਤ ਸਿੰਘ,ਡਿਪਟੀ ਸੁਪਰਡੈਂਟ (ਐਡਮਿਨਿਸਟ੍ਰੇਸ਼ਨ), ਜਿਲ੍ਹਾ ਜੇਲ੍ਹ ਰੂਪਨਗਰ ਦੇ ਦਫ਼ਤਰ ਦੇ ਪੱਤਰ ਨੰ:1974 ਮਿਤੀ 18-05-2023 ਰਾਹੀਂ ਵਿਭਾਗੀ ਇੰਨਕੁਆਰੀ ਮੁਕੰਮਲ ਕਰਨ ਉਪਰੰਤ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਗਈ। ਇੰਨਕੁਆਰੀ ਅਫਸਰ ਵੱਲੋਂ ਪ੍ਰਾਪਤ ਰਿਪੋਰਟ ਨੂੰ ਵਾਚਨ ਤੇ ਪਾਇਆ ਗਿਆ ਹੈ ਕਿ ਇੰਨਕੁਆਰੀ ਅਫਸਰ ਵੱਲੋਂ ਸਿੱਟੇ ਵਿੱਚ ਲਿਖਿਆ ਗਿਆ ਹੈ ਕਿ "ਵਾਰਡਰ ਗੁਰਵਿੰਦਰ ਸ਼ਰਮਾ ਪੇਟੀ ਨੰ:733, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਮਿਤੀ 23-12-2021 ਤੋਂ ਲਗਾਤਾਰ ਬਿਨ੍ਹਾਂ ਕਿਸੇ ਉੱਚ ਅਧਿਕਾਰੀ ਦੀ ਆਗਿਆ ਤੋਂ ਬਿਨ੍ਹਾਂ ਸਮਰੱਥ ਅਥਾਰਟੀ ਪਾਸੋਂ ਛੁੱਟੀ ਮੰਨਜੂਰ ਕਰਵਾਏ ਅਤੇ ਬਿਨ੍ਹਾਂ ਕਿਸੇ ਅਧਿਕਾਰੀ ਨੂੰ ਸੂਚਿਤ ਕੀਤੇ ਆਪਣੀ ਮਨਮਰਜੀ ਨਾਲ ਡਿਊਟੀ ਤੋਂ ਗੈਰ ਹਾਜ਼ਰ ਹੋ ਗਿਆ ਹੈ। ਇਸ ਵਿਭਾਗੀ ਇੰਨਕੁਆਰੀ ਵਿੱਚ ਪੇਸ਼ ਕਰਤਾ ਅਫਸਰ ਵੱਲੋਂ ਵਾਰ-ਵਾਰ ਲਿਖਣ ਦੇ ਬਾਵਜੂਦ ਵਾਰਡਰ ਗੁਰਵਿੰਦਰ ਸ਼ਰਮਾ ਪੇਟੀ ਨੰ:733, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵਿਭਾਗੀ ਇੰਨਕੁਆਰੀ ਵਿੱਚ ਸ਼ਾਮਲ ਨਹੀਂ ਹੋਇਆ। ਇਸ ਤੋਂ ਇਲਾਵਾ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਦੇ ਪੱਤਰ ਨੰ:24646/ਸੀ-3 ਮਿਤੀ 20-05-2022 ਰਾਹੀਂ ਭੇਜੀ ਗਈ ਰਿਪੋਰਟ ਅਨੁਸਾਰ ਕਰਮਚਾਰੀ ਦੇ ਭਰਾ ਸੁਖਵਿੰਦਰ ਸ਼ਰਮਾ ਪੁੱਤਰ ਸੋਮਨਾਥ ਸ਼ਰਮਾ ਨੇ ਆਪਣੇ ਬਿਆਨਾਂ ਵਿੱਚ ਤਹਿਰੀਰ ਕੀਤਾ ਹੈ ਕਿ ਉਸ ਦਾ ਭਰਾ ਜੋ ਅਚਾਨਕ ਬੀਮਾਰ ਹੋ ਗਿਆ ਸੀ, ਜਿਸ ਦਾ ਅਸੀਂ ਇੱਥੇ ਕਾਫੀ ਇਲਾਜ ਕਰਵਾਇਆ ਪਰ ਠੀਕ ਨਹੀਂ ਹੋਇਆ। ਹੁਣ ਗੁਰਵਿੰਦਰ ਸ਼ਰਮਾਂ ਉਕਤ ਆਪਣਾ ਇਲਾਜ ਕਰਵਾਉਣ ਲਈ ਆਸਟ੍ਰੇਲੀਆਂ ਚਲਾ ਗਿਆ ਹੈ, ਜੋ ਆਪਣਾ ਇਲਾਜ ਕਰਵਾ ਕੇ ਵਾਪਸ ਆ ਜਾਵੇਗਾ। ਪ੍ਰੰਤੂ ਗਵਾਹਾਂ ਦੇ ਬਿਆਨਾਂ ਅਨੁਸਾਰ ਕਰਮਚਾਰੀ ਨੇ ਆਪਣੇ ਇਲਾਜ ਸਬੰਧੀ ਕਦੇ ਵੀ ਕੋਈ ਸੂਚਨਾਂ ਜਾਂ ਜਾਣਕਾਰੀ ਨਹੀਂ ਦਿੱਤੀ। ਇਸ ਤੋਂ ਇਲਾਵਾ ਕਰਮਚਾਰੀ ਨੇ ਘਰੇਲੂ ਮਜਬੂਰੀ ਦੱਸਦੇ ਹੋਏ ਆਪਣਾ ਅਸ਼ਤੀਫਾ ਭੇਜ਼ ਕੇ ਸਾਬਿਤ ਕੀਤਾ ਹੈ ਕਿ ਕਰਮਚਾਰੀ ਆਸਟ੍ਰੇਲੀਆਂ (ਵਿਦੇਸ਼) ਤੋਂ ਵਾਪਸ ਨਹੀਂ ਆਉਣਾ ਚਾਹੁੰਦਾ ਅਤੇ ਡਿਊਟੀ ਤੇ ਹਾਜ਼ਰ ਨਹੀਂ ਹੋਣਾ ਚਾਹੁੰਦਾ। ਇਸ ਤਰ੍ਹਾਂ ਗਵਾਹਾਂ ਦੇ ਬਿਆਨਾਂ/ਰਿਕਾਰਡ ਅਤੇ ਤੱਥਾਂ ਨੂੰ ਮੱਦੇਨਜਰ ਰੱਖਦੇ ਹੋਏ ਵਾਰਡਰ ਗੁਰਵਿੰਦਰ ਸ਼ਰਮਾ ਪੇਟੀ ਨੰ:733,ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵਿਰੁੱਧ ਚਾਰਜਸ਼ੀਟ ਵਿੱਚ ਲਗਾਏ ਦੋਸ਼ ਸਿੱਧ ਹੁੰਦੇ ਹਨ। ਇਸ ਲਈ ਵਾਰਡਰ ਗੁਰਵਿੰਦਰ ਸ਼ਰਮਾ ਪੇਟੀ ਨੰ:733, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਦੇ ਇਸ ਕੇਸ ਵਿੱਚ ਇਕਤਰਫ਼ਾ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

5. ਇਸ ਦਫ਼ਤਰ ਦੇ ਪਿੱਠ ਅੰਕਣ ਨੰ:1701-1702 ਮਿਤੀ 19-06-2023 ਰਾਹੀਂ ਕਰਮਚਾਰੀ ਨੂੰ ਪੰਜਾਬ ਜੇਲ੍ਹ ਵਿਭਾਗ ਸਟੇਟ ਸਰਵਿਸਜ (ਕਲਾਸ-3) ਐਗਜੈਕਟਿਵ ਰੂਲਜ਼ 1963 ਦੇ ਸੈਕਸ਼ਨ-15 ਅਤੇ ਪੰਜਾਬ ਸਿਵਲ ਸਰਵਿਸਜ਼ ਰੂਲਜ਼ 1970 ਦੇ ਰੂਲ-8 ਵਿੱਚ ਪਾਰਟ-3 ਦੇ ਰੂਲ 5 ਵਿੱਚ ਦਿੱਤੀਆਂ ਹੋਈਆਂ ਸਜ਼ਾਵਾਂ ਵਿੱਚੋਂ ਰੂਲ 5 ਤੋਂ 9 ਅਧੀਨ ਦਿੱਤੀਆਂ ਸਜਾਵਾਂ ਵਿੱਚੋਂ ਕੋਈ ਇੱਕ

ਸਜਾਂ ਦੇਣ ਹਿੱਤ ਸੋ-ਕਾਜ਼ ਨੋਟਿਸ ਸਰਵ ਕਰਵਾਉਣ ਹਿੱਤ ਸੁਪਰਡੈਂਟ,ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਨੂੰ ਭੇਜਿਆ ਗਿਆ ਸੀ। ਸੁਪਰਡੈਂਟ,ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਦੇ ਦਫ਼ਤਰ ਦੇ ਪੱਤਰ ਨੰ:996 ਮਿਤੀ 23-06-2023 ਰਾਹੀਂ ਇਸ ਦਫ਼ਤਰ ਨੂੰ ਸੂਚਿਤ ਕੀਤਾ ਗਿਆ ਕਿ ਕਰਮਚਾਰੀ ਵਾਰਡਰ ਗੁਰਵਿੰਦਰ ਸ਼ਰਮਾ ਪੇਟੀ ਨੰ:733, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਨੂੰ ਡਿਊਟੀ ਤੋਂ ਗੈਰ ਹਾਜ਼ਰ ਰਹਿਣ ਦੇ ਦੋਸ਼ ਤਹਿਤ ਜਾਰੀ ਕੀਤਾ ਗਿਆ ਸੋ ਕਾਜ ਨੋਟਿਸ,ਕਰਮਚਾਰੀ ਦੇ ਘਰ ਨਾ ਮਿਲਣ ਤੇ ਕਰਮਚਾਰੀ ਦੇ ਪਿਤਾ ਸ਼੍ਰੀ ਸੋਮਨਾਥ ਸ਼ਰਮਾ, ਵਾਸੀ ਮਕਾਨ ਨੰ:292, ਹੀਰਾ ਮਹਿਲ, ਨੇੜੇ ਵਾਈਟ ਹਾਊਸ, ਨਾਭਾ ਨੂੰ ਸਰਵ ਕਰਵਾ ਦਿੱਤਾ ਗਿਆ ਹੈ, ਪ੍ਰੰਤੂ ਸੋ-ਕਾਜ ਨੋਟਿਸ ਦਾ ਜਵਾਬ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਸੁਪਰਡੈਂਟ, ਖੁੱਲੀ ਖੇਤੀਬਾੜੀ ਜੇਲ੍ਹ ਨਾਭਾ ਵੱਲੋਂ ਮਿਤੀ 07-12-2023 ਦੇ, ਦੀ ਟ੍ਰਿਬਿਊਨ ਪਟਿਆਲਾ,ਚੰਡੀਗੜ੍ਹ ਅਤੇ ਪੰਜਾਬੀ ਟ੍ਰਿਬਿਊਨ ਪਟਿਆਲਾ ਵਿੱਚ ਨੋਟਿਸ ਪ੍ਰਕਾਸ਼ਿਤ ਕਰਵਾਉਂਦੇ ਹੋਏ ਲਿਖਿਆ ਗਿਆ ਕਿ ਇਸ ਨੋਟਿਸ ਦੇ ਛੱਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਅਤੇ ਜ਼ਾਤੀ ਤੌਰ ਤੇ ਪੇਸ਼ ਹੋ ਕੇ ਨਿਮਨਹਸ਼ਤਾਖਰੀ ਨੂੰ ਆਪਣਾ ਸਫ਼ਾਈ ਪੱਖ ਦੇਵੇ ਅਤੇ ਲਿਖਿਆ ਗਿਆ ਸੀ ਕਿ ਮਿੱਥੇ ਸਮੇਂ ਦੇ ਅੰਦਰ ਸਫਾਈ ਪੱਖ ਪੇਸ਼ ਨਾ ਕਰਨ ਤੇ ਇੱਕਤਰਫ਼ਾ ਕਾਰਵਾਈ ਕਰਦੇ ਹੋਏ ਪੰਜਾਬ ਸਿਵਲ ਸਰਵਿਸਜ਼ (ਸਜ਼ਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 08 ਤਹਿਤ ਕਾਰਵਾਈ ਕਰਦੇ ਹੋਏ ਸਮਰੱਥ ਅਥਾਰਟੀ ਵੱਲੋਂ ਸੇਵਾਵਾਂ ਖ਼ਤਮ ਕਰਨ ਸਬੰਧੀ ਆਖਰੀ ਹੁਕਮ ਪਾਸ ਕਰ ਦਿੱਤੇ ਜਾਣਗੇ, ਪਰ ਇਹ ਕਰਮਚਾਰੀ ਹਾਜ਼ਰ ਨਹੀਂ ਹੋਇਆ, ਜਿਸ ਤੋਂ ਸਪਸ਼ੱਟ ਹੈ ਕਿ ਇਹ ਕਰਮਚਾਰੀ ਆਪਣੀ ਨੌਕਰੀ ਤੇ ਹਾਜ਼ਰ ਹੋਣ ਅਤੇ ਨੌਕਰੀ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਰੱਖਦਾ।

6. ਇਸ ਲਈ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ), ਪੰਜਾਬ ਚੰਡੀਗੜ੍ਹ ਦੇ ਪੱਤਰ ਨੰ:12/83/2012-2 ਪੀ.ਪੀ.-2/1438 ਮਿਤੀ 12-10-2012 ਰਾਹੀਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਆਪ ਸ਼੍ਰੀ ਗੁਰਵਿੰਦਰ ਸ਼ਰਮਾ,ਵਾਰਡਰ ਪੇਟੀ ਨੰ:733 ਨੂੰ ਮਿਤੀ 23-12-2021 ਤੋਂ ਹੁਣ ਤੱਕ ਲਗਾਤਾਰ ਅਣ-ਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰ ਹਾਜ਼ਰ ਰਹਿਣ ਦਾ ਦੋਸ਼ੀ ਮੰਨਦੇ ਹੋਏ, ਮੈਂ ਸੁਰਿੰਦਰ ਸਿੰਘ, ਡਿਪਟੀ ਇੰਸਪੈਕਟਰ ਜਨਰਲ ਜਿਲ੍ਹਾਂ-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਪਟਿਆਲਾ, ਪੰਜਾਬ ਸਟੇਟ ਜੇਲ੍ਹ ਵਿਭਾਗ (ਕਲਾਸ-3 ਐਗਜੈਕਟਿਵ) ਰੂਲਜ਼ 1963 ਦੇ ਰੂਲ 15 (1) ਦੇ ਅਪੈਂਡਕਸ ਬੀ ਦੇ ਸੀਰੀਅਲ ਨੰਬਰ 4 (ਬੀ) ਦੇ (ਜੀ) ਤੋਂ (ਜੇ) ਅਨੁਸਾਰ ਵਾਰਡਰ/ਮੇਟਰਨ ਨੂੰ ਸਜ਼ਾਂ ਦੇਣ ਦਾ ਸਮਰੱਥ ਅਥਾਰਟੀ ਹੁੰਦੇ ਹੋਏ (Punishing authority), ਪੰਜਾਬ ਸਿਵਲ ਸਰਵਿਸਜ਼ (ਸਜਾ ਅਤੇ ਅਪੀਲ) ਰੂਲਜ਼ 1970 ਦੇ ਰੂਲ 8 ਨਾਲ ਕਾਰਵਾਈ ਕਰਦੇ ਉਪਰੋਕਤ ਰੂਲ ਦੇ ਨਿਯਮ 5 ਵਿੱਚ ਦਿੱਤੀਆਂ 5 ਤੋ 9 ਵਿੱਚ ਦਰਜ਼ ਸਜਾਵਾਂ ਵਿੱਚੋਂ ਰੂਲ 9 ਤਹਿਤ ਵਾਰਡਰ ਗੁਰਵਿੰਦਰ ਸ਼ਰਮਾ ਪੇਟੀ ਨੰ:733 ਪੁੱਤਰ ਸ਼੍ਰੀ ਸੋਮਨਾਥ ਸ਼ਰਮਾ ਨੂੰ ਸਰਕਾਰੀ ਨੌਕਰੀ ਤੋਂ ਤੁਰੰਤ ਬਰਖਾਸਤ (ਡਿਸਮਿਸ) ਕਰਨ ਦਾ ਹੁਕਮ ਕਰਦਾ ਹਾਂ। ਇਹ ਸੇਵਾ ਤੋਂ ਬਰਖਾਸਤਗੀ ਅਜਿਹੀ ਹੈ, ਜਿਸ ਨਾਲ ਵਾਰਡਰ ਗੁਰਵਿੰਦਰ ਸ਼ਰਮਾ ਪੇਟੀ ਨੰ:733 ਪੁੱਤਰ ਸ਼੍ਰੀ ਸੋਮਨਾਥ ਸ਼ਰਮਾ ਅੱਗੇ ਤੋਂ ਹੋਰ ਕਿਸੇ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਨ ਦੇ ਯੋਗ ਨਹੀਂ ਹੋਵੇਗਾ।

ਬਰਖਾਸਤ ਹੋਏ ਕਰਮਚਾਰੀ ਦਾ ਵੇਰਵਾ-

1. ਨਾਮ	:	ਸਾਬਕਾ ਵਾਰਡਰ ਗੁਰਵਿੰਦਰ ਸ਼ਰਮਾ,ਪੇਟੀ ਨੰ:733
2. ਪਿਤਾ ਦਾ ਨਾਮ	:	ਸ਼੍ਰੀ ਸੋਮਨਾਥ ਸ਼ਰਮਾ
3. ਘਰੇਲੂ ਪਤਾ	:	ਮਕਾਨ ਨੰਬਰ 292, ਹੀਰਾ ਮਹਿਲ, ਨੇੜੇ ਵਾਈਟ ਹਾਊਸ ਨਾਭਾ ਜਿਲ੍ਹਾ ਪਟਿਆਲਾ
4. ਜਨਮ ਮਿਤੀ	:	05-08-1985
5. ਭਰਤੀ ਦੀ ਮਿਤੀ	:	12-12-2017
6. ਰਿਟਾਇਰਮੈਂਟ ਦੀ ਮਿਤੀ	:	31-08-2043
7. ਜਾਤ/ਕੈਟਾਗਿਰੀ	:	ਜਨਰਲ

ਸਹੀ/-

(ਸੁਰਿੰਦਰ ਸਿੰਘ)

ਡਿਪਟੀ ਇੰਸ਼ਪੈਕਟਰ ਜਨਰਲ ਜੇਲ੍ਹਾਂ-ਕਮ-
ਸੁਪਰਡੈਂਟ, ਹੈਡਕੁਆਟਰ ਜੇਲ੍ਹ ਪਟਿਆਲਾ।

3690/4-2026/Pb. Govt. Press, S.A.S. Nagar